PSEB-CC0S171(T009)/1/2020-LAB-COMP. CELL-PSEB

**ਪੰਜਾਬ ਸਕੂਲ ਸਿੱਖਿਆ ਬੋਰਡ**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ/ਐਸੋਸੀਏਟਿਡ ਸੰਸਥਾਵਾਂ ਹੇਠ ਦਰਜ਼ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਉਣ:-

1. ਕੋਵਿਡ-19 ਦੇ ਮੱਦੇ ਨਜ਼ਰ ਸੰਸਥਾਵਾਂ ਦੀ ਵਿੱਤੀ ਹਾਲਤ ਨੂੰ ਦੇਖਦੇ ਹੋਏ ਸਾਲ 2021-2022 ਅਤੇ ਸਾਲ 2022-2023 ਤੱਕ ਦੇ ਵਾਧੇ ਕਰਨ ਲਈ ਸਾਲ 2017 ਦੇ ਬਿਲਡਿੰਗ ਸੇਫਟੀ ਸਰਟੀਫਿਕੇਟ ਮੰਨਣ ਯੋਗ ਹੈ।

2. ਸੰਸਥਾਵਾਂ ਤੋਂ ਹਰ ਸਾਲ ਫਾਇਰ ਸੇਫਟੀ ਸਰਟੀਫਿਕੇਟ ਭੇਜਣ ਦੀ ਬਜਾਏ ਸਬੰਧਤ ਸਕੂਲ ਮੁੱਖੀ ਇੱਕ ਅੰਡਰਟੇਕਿੰਗ ਦੇਵੇਗਾ ਜਿਸ ਵਿੱਚ ਇਹ ਦਰਜ਼ ਕੀਤਾ ਹੋਵੇ ਕਿ ਸੰਸਥਾ ਵਿੱਚ ਫਾਇਰ ਤੋਂ ਬਚਾਅ ਲਈ ਸਬੰਧਤ ਵਿਭਾਗ ਤੋਂ ਫਾਇਰ ਸੇਫਟੀ ਸੇਰਟੀਫਿਕੇਟ ਪ੍ਰਾਪਤ ਕੀਤਾ ਹੋਇਆ ਹੈ, ਸਕੂਲ ਵਿੱਚ ਅੱਗ ਬੁਝਾਊ ਯੰਤਰ (ਸਿਲੰਡਰ) ਚਾਲੂ ਹਾਲਤ ਵਿੱਚ ਹਨ ਅਤੇ ਇਨ੍ਹਾਂ ਨੂੰ ਹਰ ਸਾਲ ਰੀਫਿਲ ਕਰਵਾਇਆ ਜਾਂਦਾ ਹੈ। ਸੰਸਥਾਵਾਂ ਦੇ ਸਾਲ 2021-2022 ਅਤੇ ਸਾਲ 2022-23 ਤੱਕ ਦੇ ਸਾਲ ਦਰ ਸਾਲ ਵਾਧੇ ਕਰਨ ਲਈ ਸੰਸਥਾਵਾਂ ਦੇ ਮੁੱਖੀਆਂ ਤੋਂ ਸੰਸਥਾ ਵਿੱਚ ਫਾਇਰ ਸੇਫਟੀ ਸਰਟੀਫਿਕੇਟ ਦਾ ਪੂਰਾ ਪ੍ਰਬੰਧ ਹੋਣ ਦੀ ਅੰਡਰਟੇਕਿੰਗ ਦੇ ਨਾਲ ਫਾਇਰ ਸੇਫਟੀ ਸਰਟੀਫਿਕੇਟ ਨੂੰ ਰੀਫਿਲ ਕਰਵਾਉਣ ਦੀ ਰਸੀਦ/ਬਿੱਲ ਆਦਿ ਲੈਂਦੇ ਹੋਏ ਉਕਤ ਦਰਜ਼ ਦੋਨੋ ਸਾਲਾਂ ਦੇ ਅਤੇ ਭਵਿੱਖ ਵਿੱਚ ਵੀ ਸਾਲ ਦਰ ਸਾਲ ਵਾਧੇ ਕੀਤੇ ਜਾਣੇ ਹਨ।

3. ਸੰਸਥਾਵਾਂ ਵੱਲੋਂ ਦਫਤਰ ਤੋਂ ਸੂਚਨਾਂ ਲੈਣ/ਦੇਣ ਲਈ ਪੱਤਰ ਪ੍ਰਾਪਤ ਹੁੰਦੇ ਹਨ,ਉਨ੍ਹਾਂ ਵਿੱਚ ਸੰਸਥਾ ਦਾ ਅਧੂਰਾ ਪਤਾ ਦਰਜ਼ ਹੁੰਦਾ ਹੈ ਜਿਸ ਕਰਕੇ ਦਫਤਰ ਵੱਲੋਂ ਸੰਸਥਾ ਦੇ ਨਾਲ ਪੱਤਰ ਵਿਹਾਰ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ। ਇਸ ਲਈ ਸੰਸਥਾਵਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਸੰਸਥਾ ਲੈਟਰ ਹੈਡ ਤੇ ਆਪਣਾ ਪੂਰਾ ਪਤਾ, ਫੋਨ ਨੰਬਰ, ਮੋਬਾਇਲ ਨੰਬਰ, ਸ਼ਨਾਖਤੀ ਨੰਬਰ, ਸਕੂਲ ਕੋਡ ਅਤੇ ਈ-ਮੇਲ ਆਈ.ਡੀ. ਦਰਜ਼ ਕਰਦੇ ਹੋਏ ਦਫਤਰ ਨਾਲ ਪੱਤਰ ਵਿਹਾਰ ਕਰਨ।

ਨੰ: ਪਸਸਬ/ਐਫੀ: 1485/ ਮਿਤੀ:-18-10-21

(signature)

ਸੁਪਰਡੰਟ (ਐਫੀ.-3)

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner